# ਦਫ਼ਤਰ ਜਿਲ੍ਹਾ ਮੈਜਿਸਟਰੇਟ ਬਰਨਾਲਾ

COVID-19

(ਐਮ.ਏ ਸ਼ਾਖਾ)

ਹੁਕਮ ਨੰ.ਐਮ.ਏ./119954/੨੭੪ ਮਿਤੀ: 15/05/2020

## ਦਫ਼ਤਰੀ ਹੁਕਮ

ਕੋਰੋਨਾਵਾਇਰਸ ਨੂੰ ਫੈਲਣ ਤੋਂ ਰੋਕਣ ਲਈ ਅਤੇ ਲੋਕਾਂ ਦੀ ਸਿਹਤ ਨੂੰ ਮੁੱਖ ਰੱਖਦੇ ਹੋਏ ਧਾਰਾ 144 ਅਧੀਨ ਹੁਕਮ ਨੰਬਰ: ਐਮ.ਏ/119954/253 ਮਿਤੀ: 03-05-2020 ਰਾਹੀਂ ਜਿਲ੍ਹਾ ਬਰਨਾਲਾ ਅੰਦਰ ਮਿਤੀ: 17-05-2020 ਤੱਕ ਕਰਫਿਊ ਲਗਾਇਆ ਗਿਆ ਹੈ, ਜਿਸ ਵਿੱਚ ਕਿਸੇ ਵੀ ਵਿਅਕਤੀ ਦੇ ਸੜਕਾਂ, ਗਲੀਆਂ ਜਾਂ ਜਨਤਕ ਥਾਵਾਂ ਤੇ ਘੁੰਮਣ ਫਿਰਨ ਤੋਂ ਮਨਾਹੀ ਕੀਤੀ ਗਈ ਹੈ।

ਸਕੱਤਰ, ਸਕੂਲ ਸਿੱਖਿਆ, ਪੰਜਾਬ ਵੱਲੋਂ ਆਪਣੇ ਪੱਤਰ ਨੰਬਰ: ਐਸ.ਐਸ.ਈ/ਸਪੈਸ਼ਲ/20/126 ਮਿਤੀ: 10-05-2020 ਰਾਹੀਂ ਇਸ ਦਫ਼ਤਰ ਨੂੰ ਲਿਖਿਆ ਗਿਆ ਹੈ ਕਿ ਉਨ੍ਹਾਂ ਦੇ ਵਿਭਾਗ ਵੱਲੋਂ ਸਰਕਾਰੀ ਸਕੂਲ ਦੇ ਬੱਚਿਆਂ ਨੂੰ ਕਿਤਾਬਾਂ ਦੀ ਸਪਲਾਈ ਕੀਤੀ ਜਾਣੀ ਹੈ ਅਤੇ ਇਸ ਮੰਤਵ ਲਈ ਸਬੰਧਤ ਅਧਿਕਾਰੀਆਂ ਨੂੰ ਕਰਫਿਊ ਦੌਰਾਨ ਕਿਤਾਬਾਂ ਵੰਡਣ ਦੀ ਪ੍ਰਵਾਨਗੀ ਦਿੱਤੀ ਜਾਵੇ।

ਸਰਕਾਰੀ ਸਕੂਲਾਂ ਦੇ ਬੱਚਿਆਂ ਦੀ ਪੜ੍ਹਾਈ ਨੂੰ ਧਿਆਨ ਵਿੱਚ ਰੱਖਦੇ ਹੋਏ ਜਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ), ਜਿਲ੍ਹਾ ਸਿੱਖਿਆ ਅਫ਼ਸਰ (ਪ੍ਰਾਇਮਰੀ) ਅਤੇ ਜਿਲ੍ਹਾ ਮੈਨੇਜਰ, ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਉਨ੍ਹਾਂ ਦੇ ਸਟਾਫ ਨੂੰ ਨਾਲ ਲੈਕੇ ਕਰਫਿਊ ਦੌਰਾਨ ਬੱਚਿਆਂ ਨੂੰ ਕਿਤਾਬਾਂ ਵੰਡਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ। ਇਸ ਦੌਰਾਨ ਜੇਕਰ ਇੰਨ੍ਹਾਂ ਨੂੰ ਕਿਸੇ ਕਿਸਮ ਦੀ ਲੇਬਰ ਦੀ ਜਰੂਰਤ ਹੋਵੇ ਤਾਂ ਲੇਬਰ ਦੀ ਮੂਵਮੈਂਟ ਵੀ ਕੀਤੀ ਜਾ ਸਕਦੀ ਹੈ ਅਤੇ ਜੇਕਰ ਲੇਬਰ ਨੂੰ ਕਿਸੇ ਕਿਸਮ ਦਾ ਕੋਈ ਕਰਫਿਊ ਪਾਸ ਚਾਹੀਦਾ ਹੈ ਤਾਂ ਜਿਲ੍ਹਾ ਸਿੱਖਿਆ ਅਫ਼ਸਰ (ਪ੍ਰਾਇਮਰੀ) ਨੂੰ ਇਹ ਪਾਸ ਜਾਰੀ ਕਰਨ ਦੇ ਅਧਿਕਾਰੀ ਦਿੱਤੇ ਜਾਂਦੇ ਹਨ। ਇੱਥੇ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਇਹ ਪਾਸ ਸਿਰਫ ਉਕਤ ਮੰਤਵ ਅਤੇ ਜਿਸ ਦਿਨ ਲਈ ਲੇਬਰ ਦੀ ਲੋੜ ਹੋਵੇ, ਉਸ ਦਿਨ ਲਈ ਹੀ ਜਾਰੀ ਕੀਤੇ ਜਾਣ ਅਤੇ ਇਸਦਾ ਕੋਈ ਦੁਰਉਪਯੋਗ ਨਾ ਕੀਤਾ ਜਾਵੇ।

ਕੰਮ ਕਰਨ ਦੌਰਾਨ ਸ਼ੋਸ਼ਲ ਡਿਸਟੈਂਸਿੰਗ ਮੇਨਟੇਨ ਕੀਤੀ ਜਾਵੇਗੀ ਅਤੇ ਭਾਰਤ ਸਰਕਾਰ ਵੱਲੋਂ ਜਾਰੀ ਐਸ.ਓ.ਪੀ. (SOP) ਦੀਆਂ ਸ਼ਰਤਾਂ ਦੀ ਪਾਲਣਾ ਵੀ ਕਰਨੀ ਯਕੀਨੀ ਬਣਾਈ ਜਾਵੇਗੀ।

ਇਹ ਕੋਵਿਡ-19 ਨਾਲ ਸਬੰਧ ਭਾਰਤ ਸਰਕਾਰ/ਰਾਜ ਸਰਕਾਰ ਅਤੇ ਨਿਮਨ ਹਸਤਾਖਰ ਵੱਲੋਂ ਜਾਰੀ ਕੀਤੀਆਂ ਸਾਰੀਆਂ ਹਦਾਇਤਾਂ ਦੀ ਪਾਲਣਾ ਕਰਨਗੇ। ਜੇਕਰ ਉਨ੍ਹਾਂ ਵੱਲੋਂ ਕੋਵਿਡ-19 ਨਾਲ ਸਬੰਧਤ ਹਦਾਇਤਾਂ ਦੀ ਕੋਈ ਵੀ ਉਲੰਘਣਾ ਕੀਤੀ ਗਈ ਤਾ ਉਨ੍ਹਾਂ ਵਿਰੁੱਧ ਆਈ.ਪੀ.ਸੀ. ਦੀ ਧਾਰਾ 188 ਅਤੇ Epidemic Diseases Act 1897 ਦੇ ਤਹਿਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਜਿਲ੍ਹਾ ਮੈਜਿਸਟਰੇਟ,
ਬਰਨਾਲਾ

ਪਿੱਠ ਅੰਕਣ ਨੰ.ਐਮ.ਏ/119954/੧੫੫੬-੧੫੫੮ ਮਿਤੀ: 15/05/2020

ਉਪਰੋਕਤ ਦਾ ਇਕ ਉਤਾਰਾ ਨਿਮਨ ਲਿਖਤ ਪਾਸ ਸੂਚਨਾਂ/ਲੋੜੀਂਦੀ ਕਾਰਵਾਈ ਅਤੇ ਪਾਲਣਾ ਹਿੱਤ ਘੱਲਿਆ ਜਾਂਦਾ ਹੈ:-

1. ਸਕੱਤਰ, ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ, ਚੰਡੀਗੜ੍ਹ।
2. ਜਿਲ੍ਹਾ ਅਤੇ ਸ਼ੈਸ਼ਨ ਜੱਜ, ਬਰਨਾਲਾ।
3. ਸੀਨੀਅਰ ਕਪਤਾਨ ਪੁਲਿਸ,ਬਰਨਾਲਾ।
4. ਸਿਵਲ ਸਰਜਨ,ਬਰਨਾਲਾ।
5. ਉਪ ਮੰਡਲ ਮੈਜਿਸਟਰੇਟ,ਬਰਨਾਲਾ/ਤਪਾ।
6. ਜਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ)/(ਪ੍ਰਾਇਮਰੀ) ਬਰਨਾਲਾ।
7. ਜਿਲ੍ਹਾ ਮੈਨੇਜਰ, ਪੰਜਾਬ ਸਕੂਲ ਸਿੱਖਿਆ ਬੋਰਡ, ਬਰਨਾਲਾ।
8. ਜਿਲ੍ਹਾ ਲੋਕ ਸੰਪਰਕ ਅਫ਼ਸਰ,ਬਰਨਾਲਾ।
9. ਪੀ.ਏ ਟੂ ਡੀ.ਐਮ./ਸਟੈਨੋਗ੍ਰਾਫਰ ਟੂ ਏ.ਡੀ.ਐਮ(ਜ)./ਸਟੈਨੋ ਟੂ ਏ.ਸੀ.(ਜ/ਸ਼ਿਕ)।

ਜਿਲ੍ਹਾ ਮੈਜਿਸਟਰੇਟ,
ਬਰਨਾਲਾ